ਪੰਜਾਬ ਸਰਕਾਰ
ਮਾਲ ਤੇ ਪੁਨਰਵਾਸ ਵਿਭਾਗ
(ਅਸ਼ਟਾਮ ਤੇ ਰਜਿਸਟਰੀ ਸ਼ਾਖਾ )
ਨੰ.24/94/11-ਐਸ.ਟੀ.1/ 14326-48

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਰਜਿਸਟਰਾਰ,
(ਡਿਪਟੀ ਕਮਿਸ਼ਨਰਜ਼)।

ਚੰਡੀਗੜ੍ਹ, ਮਿਤੀ: 07-12-11

ਵਿਸ਼ਾ :- **ਰਜਿਸਟਰਡ ਦਸਤਾਵੇਜ਼ਾਂ ਦੀਆਂ ਨਕਲਾਂ 7 ਦਿਨਾਂ ਵਿੱਚ ਸਪਲਾਈ ਕਰਨ ਬਾਰੇ ।**

****

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਇਸ ਵਿਭਾਗ ਦੇ ਮੀਮੋਂ ਨੰ. 24/157/09-ਐਸ.ਟੀ.1/ 10327, ਮਿਤੀ 24-12-2009 ਵੱਲ ਦਿਵਾਉਣ ਅਤੇ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਇਹਨਾਂ ਹਦਾਇਤਾਂ ਰਾਂਹੀਂ ਉਪਬੰਧ ਕੀਤਾ ਗਿਆ ਸੀ ਕਿ ਰਜਿਸਟਰੀ ਅਧਿਕਾਰੀ ਦਸਤਾਵੇਜ਼ ਰਜਿਸਟਰ ਕਰਨ ਦਾ ਕੰਮ, ਕੰਮ ਵਾਲੇ ਦਿਨ ਸਵੇਰੇ ਪੂਰੇ 10.00 ਵਜੇ ਸ਼ੁਰੂ ਕਰਨਗੇ ਅਤੇ ਜੋ ਦਸਤਾਵੇਜ਼ ਰਜਿਸਟ੍ਰੇਸ਼ਨ ਲਈ ਦੁਪਹਿਰ 12.00 ਵਜੇ ਤੱਕ ਪੇਸ਼ ਹੁੰਦੇ ਹਨ, ਉਨ੍ਹਾਂ ਤੇ ਦੁਪਹਿਰ 1.30 ਵਜੇ ਤੱਕ ਯੋਗ ਹੁਕਮ ਕਰਕੇ ਦਸਤਾਵੇਜ਼ ਸਬੰਧਤ ਪਾਰਟੀਆ ਨੂੰ ਦੁਪਹਿਰ 2.00 ਵਜੇ ਤੱਕ ਵਾਪਸ ਕਰਨਗੇ । ਜੋ ਦਸਤਾਵੇਜ 1.00 ਵਜੇ ਤੋਂ 3.00 ਵਜੇ ਤੱਕ ਪੇਸ਼ ਹੁੰਦੇ ਹਨ, ਉਨ੍ਹਾਂ ਦਸਾਤਾਵੇਜ਼ਾਂ ਤੇ ਸ਼ਾਮ 5.00 ਵਜੇ ਤੋਂ ਪਹਿਲਾਂ ਲੋੜੀਂਦੇ ਹੁਕਮ ਕਰਕੇ ਪਾਰਟੀਆਂ ਨੂੰ ਸਬੰਧਤ ਦਸਤਾਵੇਜ਼ ਲਾਜ਼ਮੀ ਤੌਰ ਤੇ ਵਾਪਸ ਕਰਨਗੇ ।

2. ਹੁਣ ਪ੍ਰਸੋਨਲ ਵਿਭਾਗ (ਗਵਰਨਜ ਰਿਫਾਰਮਜ ਸੈਲ) ਵੱਲੋਂ ਜਾਰੀ ਅਧਿਸੂਚਨਾਂ ਨੰ.1/22/2011-ਪੀ.ਜੀ.ਆਰ.ਸੀ./757, ਮਿਤੀ 26 ਜੁਲਾਈ,2011 ਰਾਹੀਂ ਬਣਾਏ ਗਏ ਰਾਈਟ ਟੂ ਸਰਵਿਸ ਆਰਡੀਨੈਂਸ,2011 ਦੇ ਲੜੀ ਨੰ.3 ਅਤੇ 4 ਤੇ ਹੇਠ ਅਨੁਸਾਰ ਉਪਬੰਧ ਕੀਤਾ ਗਿਆ ਹੈ :

| Sr. | Department | Name of the service | Given time Limit (working days) | Designated Officer |
|---|---|---|---|---|
| 3 | Revenue | Registration of all kinds of documents e.g. sale deed, lease deed, GPA Partnership deed etc. | 1 day | Sub Registrar or Joint Sub-Registrar ( in case of sub-Tehsils) |
| 4 | Revenue | Certified Copies of all kinds of previously registered documents | 7 days | Sub Registrar or Joint Sub-Registrar ( in case of Sub-Tehsils) |

ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਉਪਬੰਧਾਂ ਬਾਰੇ ਆਪਣੇ ਅਧੀਨ ਰਜਿਸਟਰੀ ਦਫਤਰਾਂ ਨੂੰ ਜਾਣੂ ਕਰਵਾਇਆ ਜਾਵੇ ਅਤੇ ਇਹਨਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਇਆ ਜਾਵੇ ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਵਿਸਵਾਸਪਾਤਰ

(ਅਚਲਾ ਆਨੰਦ)
ਉਪ ਅਧੀਨ ਸਕੱਤਰ ਮਾਲ

ਪਿੱਠ ਅੰਕਣ ਨੰ.24/94/11-ਐਸ.ਟੀ.1/ 14349-503
ਚੰਡੀਗੜ੍ਹ, ਮਿਤੀ: 07-12-11

ਇੱਕ ਉਤਾਰਾ ਸਮੂਹ ਡਵੀਜਨਲ ਕਮਿਸ਼ਨਰ, ਆਈ.ਜੀ.ਆਰ. ਅਤੇ ਸਮੂਹ ਸਬ-ਰਜਿਸਟਰਾਰ/ਸੰਯੁਕਤ ਸਬ-ਰਜਿਸਟਰਾਰ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਉਪ ਅਧੀਨ ਸਕੱਤਰ ਮਾਲ